ਸਭ ਹੱਕ ਰਾਖਵੇਂ ਹਨ, ਕੋਈ ਨਾਂ ਛਾਪੇ

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ।

G-189

ਪੁਰਜਾ ਪੁਰਜਾ ਅੰਗ ਕਟਾਏ ।
ਹੋ ਸ਼ਹੀਦ ਗੁਰਪੁਰੀ ਸਿਧਾਏ ।

# ਸਿਦਕ ਜੀਵਨ

ਭਾਵ

ਭਾਈ ਸਾਹਿਬ ਗਯਾਨੀ ਮਨੀ ਸਿੰਘ ਜੀ ਸ਼ਹੀਦ
ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿਤਸਰ ਜੀ ਦਾ

## ਜੀਵਨ ਬ੍ਰਿਤਾਂਤ

ਜਿਸਨੂੰ

**ਭਾਈ ਠਾਕਰ ਸਿੰਘ ਜੀ ਗਯਾਨੀ**
ਪ੍ਰਬੰਧਕ
ਯਾਦਗਾਰ ਭਾਈ ਮਨੀਸਿੰਘਜੀਗਯਾਨੀ ਵਿਦਯਾਲੇ
ਅਮ੍ਰਿਤਸਰ ਨੇ

ਸੰਗਤਾਂ ਦੇ ਲਾਭ ਹਿਤ ਰਚਕੇ ਛਪਾਯਾ

—ਸਰਦਾਰ ਬੁਧ ਸਿੰਘ ਜੀ ਦੇ—
ਸ਼੍ਰੀਗੁਰਮਤ ਪ੍ਰੈਸ (ਬਾਃਗੁਰੂ ਕੀ ਸਰਾਇ) ਅਮ੍ਰਿਤਸਰ ਵਿਖੇ ਛਪਾ
ਪ੍ਰਿੰਟਰ—ਗਯਾਨੀ ਮਹਿੰਦਰ ਸਿੰਘ 'ਰਤਨ'

ਚੌਥੀ ਵਾਰ ੧੦੦੦ ਮਾਰਚ ੧੯੩੩

੧ ਓ ਸਤਿਗੁਰਪ੍ਰਸਾਦਿ ॥

## ਭੂਮਕਾ

ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਦੇ ਹਜੂਰੀ ਸਿਦਕੀ ਸਿੱਖ ਜਿਨਾਂ ਦਾ ਧਿਆਨ ਧਰਕੇ ਗੁਰੂ ਦੁਆਰੇ ਧਰਮ ਸਾਲਾ ਗੁਰੂ ਪੰਥ ਦੇ ਦੀਵਾਨਾਂ ਵਿਚ ਅਰਦਾਸੇ ਅੰਦਰ ਇਹ ਅਖਰ ਅਤਿ ਪ੍ਰੇਮ ਨਾਲ ਬੋਲੇ ਜਾਂਦੇ ਹਨ ਕਿ(ਜਿਨਾਂ ਗੁਰੂ ਪਜਾਰਿਆਂ ਧਰਮ ਅਤੇ ਪਰ ਉਪਕਾਰ ਦੇ ਕਾਰਨ ਬੰਦ ਬੰਦ ਕਟਾਏ ਉਨਾਂ ਗੁਰੂ ਦੁਲਾਰਿਆਂ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ)

ਹੇ ਪਜਾਰੇ ਗੁਰੂ ਦੇ ਸਾਦਕ ਸਿਖੋ,ਇਹ ਹਨ ਭਾਈ ਮਨੀਸਿੰਘ ਜੀ ਗਿਆਨੀ, ਸ਼ਹੀਦ, ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿਤਸਰਜੀ ਜਿਨਾਂਨੇ ਸ੍ਰੀਦਰਬਾਰਸਾਹਿਬ ਜੀਦੀ ਮਹਿਮਾ ਅਤੇ ਮਰਯਾਦਾ ਨੂੰ ਅਟੱਲ ਰਖਣ ਵਾਸਤੇ ਅਪਨੇ ਬੰਦ ਬੰਦ ਅਰਥਾਤ ਸੋਹਣੇ ਪਰਉਪਕਾਰੀ ਸਰੀਰ ਦੇ ਅੰਗ ਜੁਦਾ ਜੁਦਾ ਕਰਾਏ ਸਨ ਸੋ ਇਨਾਂਦਾ ਸੰਛੇਪ ਜੀਵਨ ਜੋ ਮੈਂ ਆਪਣੀ ਤੁਛ ਬੁਧੀ ਦੇ ਆਸਰੇ ਲਿਖਿਆ ਹੈ, ਪੜ੍ਹਕੇ ਲਾਭ ਉਠਾਓ ਜੇ ਕੋਈ ਭੁਲ ਚੁਕ ਹੋਵੇ ਤਾਂ ਦਾਸ ਨੂੰ ਚੇਤਾਵਨੀ ਕਰਾ ਦੇਣੀਂ ॥

ਆਪ ਜੀ ਦਾ ਸੇਵਕ–

ਠਾਕਰ ਸਿੰਘ ਗਜਾਨੀ– ਪ੍ਰਬੰਧਕ

ਯਾਦਗਾਰ ਭਾਈ ਮਨੀ ਸਿੰਘ ਜੀ ਸ਼ਹੀਦ

ਗ੍ਰੰਥੀ ਵਿਦਜਾਲੇ ਸ੍ਰੀਅਮ੍ਰਿਤਸਰ

## ੧ ੴ ਸਤਿ ਗੁਰ ਪ੍ਰਸਾਦਿ ॥

### ਦੋਹਰਾ

ਸ੍ਰੀ ਗੁਰ ਨਾਨਕ ਅਨਕ ਬਿਨ, ਜਨਕ ਮਨਕ ਸੁਖ ਦੈਨ।
ਕਲਗੀ ਧਰ ਗੁਰ ਆਦਿ ਬਪੁ, ਖਲ ਖੰਡਨ ਭਜ ਐਨ॥੧॥
ਸਤਿ ਗੁਰ ਸਤਿ ਸਰੂਪ ਕੋ, ਬਾਰਿ ਬਾਰ ਪ੍ਰਨਾਮ।
ਵਾਹਿਗੁਰੂ ਗੁਰ ਵਾਹਿਗੁਰ, ਵਾਹੁ ਵਾਹੁ ਗੁਰ ਨਾਮ॥੨॥
ਸ੍ਰੀ ਗੁਰ ਗ੍ਰੰਥ ਸੁ ਪੰਥ ਗੁਰ, ਬਾਨੀ ਗੁਰ ਗੁਨ ਧਾਮ।
ਨਮੋ ਨਮੋ ਜੁਗ ਜੋਰ ਕਰ, ਬਿਘਨ ਅਨਕ ਕਰ ਹਾਨ॥੩॥
ਪ੍ਰਿਯ ਪੰਥ ਪੁਨ ਪੰਥ ਪ੍ਰਿਯ, ਗੁਰ ਜਨਮਨ ਪ੍ਰਿਯ ਜੋਇ।
ਰਚੌਂ ਗ੍ਰੰਥ ਪ੍ਰਿਯ ਪ੍ਰੇਮ ਯੁਤ, ਪ੍ਰਿਯਾ ਸਹਾਇਕ ਹੋਇ॥੪॥
ਬਿਅੰਤ ਗੁਰੂ ਗੁਰ ਸਿਖਨ ਕੋ, ਅੰਤ ਨ ਪਾਰਾ ਵਾਰ।
ਜਸੁ ਬਿਅੰਤ ਗੁਰ ਸਿਖਨ ਕੋ, ਕੋ ਕਰ ਸਕੇ ਉਚਾਰ॥੫॥

### ਮਾਨੁਖ ਜਨਮ ਦੀ ਸਫਲਤਾ। ਸ੍ਵੈਯਾ

ਜਾਂ ਭਵ ਮਾਹਿ ਅਨੇਕ ਨਰੂ ਤਨ ਧਾਰ ਕੇ ਖਾਨਰੁਪਾਨ ਕਰੇਹੈ।
ਭੋਗ ਅਨੇਕਨ ਭੋਗਤ ਹੈ ਬਹੁ ਨਾਟਕ ਚੇਟਕ ਮੋ ਲਪਟੈਹੈ।
ਹਿਤ ਸੰਚਨ ਕੋ ਧਨ ਕੀ ਗਗਰੀ ਧਰਨੀ ਸਗਰੀ ਮਹਿ ਡੋਲਨ ਚੈਹੈ।
ਬਿਨ ਨਾਮ ਪੁਨਾ ਉਪਕਾਰ ਕਰੇ ਬਿਰਥਾ ਸਭ ਜੀਵਨ ਕੋ ਸੁ ਗਵੈਹੈ।

### ਗੁਰੂ ਘਰ ਦੇ ਸਾਦਕ ਸਿੱਖ। ਚੌਪਈ

ਗੁਰ ਘਰ ਕੇ ਪ੍ਰੇਮੀ ਸਿੱਖ ਜੋਈ। ਸਾਹਿਬ ਬੁਢੇ ਆਦਿ ਜਿ ਹੋਈ
ਪੁਨ ਭਾਈ ਗੁਰਦਾਸ ਜਿ ਆਦਾ। ਜਿਨ ਰਾਖੀ ਸਿਖੀ ਮਰਯਾਦਾ
ਜੋ ਸ਼ਹੀਦ ਗੁਰ ਸਿਖ ਪਿਆਰੇ। ਤਿਨ ਸਭ ਕੇ ਜਾਵੇਂ ਬਲਹਾਰੇ
ਪਦਪੰਕਜਤਿਨਕੇ ਸਿਰ ਧਰ ਧਰ। ਕਰੋਪ੍ਰਨਾਮ ਧਰਨ ਸਿਰ ਧਰਕਰ
ਤਿਨ ਸਭ ਸਿਖਨ ਪੰਗਤ ਮਾਹੀ। ਹੈ ਪ੍ਰਸਿਧ ਜਾਨਤ ਸਭ ਜਾਹੀ

ਗੁਰਮੁਖਿ ਗੁਰ ਬਾਨੀ ਅਭਿਆਸੀ। ਰਾਗ ਦ੍ਵੈਖ ਜਿਹ ਮਨ ਤੇ ਨਾਸੀ
ਸਮਦ੍ਰਿਸ਼ਟੀ ਸਮਤਾ ਗੁਰਬਾਨੀ। ਬੇਤਾਬ੍ਰਹਮ ਬ੍ਰਹਮ ਮਤ ਗਿਆਨੀ
ਪੰਜ ਬਿਕਾਰ ਕਰੇ ਜਿਨ ਚੂਰਨ। ਜਾਨਿਓ ਵਾਹਿਗੁਰੂ ਸਭ ਪੂਰਨ
ਕੋਵਿਦ ਕਵ ਜਪ ਤਪ ਮੇ ਪੂਰੇ। ਨਿਤ ਨੇਮ ਪ੍ਰੇਮੀ ਬਡ ਸੂਰੇ
ਗੁਨ ਗ੍ਰਾਹਕ ਚਾਹਕ ਸਤਿਸੰਗਾ। ਤਨ ਮਨ ਨਾਮ ਰੰਗ ਜਿਨ ਰੰਗਾ
ਗੁਰਮੁਖਿ ਗੁਰਆਗਜਾਅਨੁਸਾਰੀ। ਤ੍ਰਿਸ਼ਨਾ ਆਦਿ ਡੈਨ ਜਿਨ ਮਾਰੀ
ਤੀਨ ਤਾਪ ਰੁਜ ਆਦਿਕ ਜੇਈ। ਗਜ਼ਾਨ ਖੜਗ ਲੈ ਮਾਰੇ ਤੇਈ
ਭਏਸਗਲ ਗੁਨਗਨਗੁਨਖਾਨੀ। ਭਾਈ ਮਨੀ ਸਿੰਘ ਜੋ ਗਜ਼ਾਨੀ
ਤਿਨਕੀ ਕਥਾ ਜਥਾ ਬਹੁ ਪਾਵਨ। ਗੁਰ ਸੰਗਤ ਕੋ ਕਰੋਂ ਸੁਨਾਵਨ
ਗੁਰਘਰ ਕੀ ਸੰਗਤ ਸੁਭ ਜੇਈ। ਕਰ ਮਨ ਪ੍ਰੇਮ ਸੁਨੋ ਸਭ ਕੋਈ
ਵਾਹਿਗੁਰੂ ਮੁਖ ਜਾਪ ਉਚਾਰੇ। ਵਾਹੁ ਵਾਹੁ ਗੁਰ ਆਖੇ ਸਾਰੇ ॥੭॥

## ਪ੍ਰਸੰਗ ਅਰੰਭ। ਦੋਹਰਾ

ਭਾਈ ਮਨੀ ਸਿੰਘ ਕੀ ਕਥਾ, ਜਥਾ ਸੁਮਤ ਅਨੁਸਾਰ।
ਬਰਨਨ ਕਰ ਹੋਂ ਸੁਨੋ ਸਭ, ਸ੍ਰੋਤਾ ਜਨ ਮੁਦ ਧਾਰ ।੧।

## ਚੌਪਈ

ਦੇਸ਼ ਵੈਰਾੜ ਮਾਲਵੇ ਮਾਹੀਂ। ਲੌਂਗੋ ਵਾਲ ਗ੍ਰਾਮ ਸੁਭ ਆਹੀ
ਜ਼ਿਮੀ ਦਾਰ ਦੁਲਟ ਤਹ ਰੈ ਹੈਂ। ਖੇਤੀ ਆਦ ਕਾਰ ਸੁਭ ਕੈ ਹੈਂ
ਤਿਨ ਵਿਚ ਇਕ ਚੂਹੜ ਹੈ ਨਾਮ। ਦੂਜਾ ਭਾਈ ਭਲਨ ਜਾਨ
ਜਦ ਗੁਰ ਛਠਮ ਮਾਲਵੇ ਆਏ। ਹੋਇ ਸਿਖ ਗੁਰ ਕੇ ਸਮੁਦਾਏ
ਥੇ ਸਰਵਰ ਕੀ ਪੂਜਾ ਕਰਤੇ। ਰੋਟ ਪਕਾਇ ਚੂਰਮਾ ਧਰਤੇ
ਸ੍ਰੀ ਗੁਰੂ ਹਰਿ ਗੋਬਿੰਦ ਜਦਆਏ। ਲੌਂਗੋ ਵਾਲ ਸੁ ਡੇਰੇ ਲਾਏ
ਰੋਜ ਦਿਵਾਨ ਗੁਰੂ ਕਾ ਲਾਗੇ। ਦਰਸ਼ਨ ਕਰੇ ਸਿਖ ਬਡ ਭਾਗੇ
ਕੀਰਤਨ ਕਥਾ ਹੋਇ ਗੁਰਬਾਨੀ। ਕਥਨਕਰਤ ਗੁਰਦਾਸ ਗਿਆਨੀ
ਇਕ ਅਕਾਲ ਬਿਨ ਨਾ ਕੋਈਦੂਜਾ। ਨਿਸ ਦਿਨ ਕਰੇ ਤਾਸ ਕੀ ਪੂਜਾ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.